30/11/17

This question paper contains **2** printed pages]

**Roll No.** | | | | | | | | | | | |

S. No. of Question Paper : **2844**

Unique Paper Code : **62121901** **HC**

Name of the Paper : **Med. Narrative Poetry, Autobiography & Functional Punjabi**

Name of the Course : **B.A. (Prog.) Punjabi : CBCS**

Semester : **III**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਪੰਜਾਬੀ ਦੇ ਕਿਸੇ ਇਕ ਕਿੱਸਾਕਾਰ ਅਤੇ ਪਾਠ-ਪੁਸਤਕ ਵਿਚਲੇ ਕਿੱਸੇ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਤਾਰ ਨਾਲ ਲਿਖੋ। 15

ਜਾਂ

ਹੇਠਾਂ ਲਿਖੇ ਕਿੱਸਿਆਂ ਵਿਚੋਂ ਕਿਸੇ ਇਕ ਦੀ ਕਹਾਣੀ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

(ੳ) ਹੀਰ ਰਾਂਝਾ (ਅ) ਕਿੱਸਾ ਪੂਰਨ ਭਗਤ

2. ਕਿਸੇ ਇਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

(ੳ) ਮੰਦਾ ਕੀਤਾ ਈ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ,
ਤਿੰਨ ਸੌ ਕਾਨੀ ਮਿਰਜ਼ੇ ਜੁਆਨ ਦੀ, ਦਿੰਦਾ ਸਿਆਲਾਂ ਨੂੰ ਵੰਡ।
ਪਹਿਲੋਂ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁਲ੍ਹੇ ਦੇ ਤੰਗ,
ਤੀਜੀ ਮਾਰਾਂ ਖਿੱਚ ਕੇ, ਜੀਹਦੀ ਹੈਂ ਤੂੰ ਮੰਗ।

(ਅ) ਓਧਰ ਆਪ ਫਿਰੰਗੀ ਨੂੰ ਭਾਂਜ ਆਈ, ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ
ਚੱਲੇ ਤੋਪਖ਼ਾਨੇ ਸਾਰੇ ਬੇੜਿਆਂ ਦੇ, ਮਗਰੋਂ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨ੍ਹੇ ਜਾਇ ਕੇ ਲਾਟ ਨੂੰ ਖ਼ਬਰ ਦਿੱਤੀ, ਨੰਦਨ ਹੋਇ ਬੈਠੀ ਤੇਰੀ ਰੰਡ ਮੀਆਂ।

3. ਸ਼ਬਦ-ਸ਼ਕਤੀ ਦੀ ਪਰਿਭਾਸ਼ਾ ਦੱਸੋ ਅਤੇ ਇਸ ਦੀਆਂ ਸ਼ਕਤੀਆਂ ਬਾਰੇ ਉਦਾਹਰਣਾਂ ਦੇ ਕੇ ਸਮਝਾਓ। 10

4. ਸੁਰ ਤੇ ਵਿਅੰਜਨ ਦਾ ਫਰਕ ਦੱਸੋ। 5

P.T.O.

5. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿਓ : 10

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਿਚ ਰਾਜਸੀ ਪਰਿਵਰਤਨ ਆਇਆ। ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਹਾਰ ਗਿਆ ਅਤੇ ਬਾਬਰ ਦੀਆਂ ਫੌਜਾਂ ਜਿੱਤ ਗਈਆਂ। ਬਾਬਰ ਦੇ ਹਮਲੇ ਵੇਲੇ ਪੰਜਾਬ ਉਪਰ ਬੜਾ ਕਹਿਰ ਵਰਤਿਆ। ਅਨੇਕਾਂ ਲੋਕ ਮਾਰੇ ਗਏ, ਲੁੱਟੇ ਗਏ, ਇਸਤਰੀਆਂ ਦੀ ਇੱਜ਼ਤ ਵੀ ਲੁੱਟੀ ਗਈ। ਗੁਰੂ ਨਾਨਕ ਨੇ ਇਸ ਦੁਰਦਸ਼ਾ ਨੂੰ ਬੜੀ ਤੀਖਣਤਾ ਨਾਲ ਮਹਿਸੂਸ ਕੀਤਾ। ਗੁਰੂ ਜੀ ਨੇ ਜ਼ੁਲਮ ਅਤੇ ਜ਼ਬਰ ਖ਼ਿਲਾਫ਼ ਆਵਾਜ਼ ਉਠਾਈ। ਆਪ ਨੇ ਇਸ ਦਾ ਜ਼ਿਕਰ ਗੁਰਬਾਣੀ ਵਿਚ ਵੀ ਕੀਤਾ ਹੈ। ਆਪ ਨੇ ਲੋਕਾਂ ਨੂੰ ਵੰਗਾਰਿਆ ਅਤੇ ਚੇਤਾਵਨੀ ਵੀ ਦਿੱਤੀ ਕਿ ਜੇ ਇਸ ਸਾਕੇ ਨੂੰ ਭੁੱਲ ਜਾਵੋਗੇ ਤਾਂ ਹੋਰ ਵੀ ਵਧੇਰੇ ਦੁਰਦਸ਼ਾ ਹੋਵੇਗੀ।

ਪ੍ਰਸ਼ਨ :-

(ੳ) ਉਪਰਲੇ ਪੈਰ੍ਹੇ ਦਾ ਸਿਰਲੇਖ ਦੱਸੋ।

(ਅ) ਬਾਬਰ ਦੇ ਹਮਲੇ ਵੇਲੇ ਪੰਜਾਬ ਵਿਚ ਕੀ ਕੁਝ ਵਾਪਰਿਆ ?

(ੲ) ਗੁਰੂ ਨਾਨਕ ਜੀ ਨੇ ਇਸਨੂੰ ਵੇਖ ਕੇ ਕੀ ਕੀਤਾ ?

(ਸ) ਭਾਰਤ ਵਾਸੀਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਕੀ ਚਿਤਾਵਨੀ ਦਿੱਤੀ ?

6. ਬਚਿੰਤ ਕੌਰ ਦੀ ਸ੍ਵੈਜੀਵਨੀ 'ਪਗਡੰਡੀਆਂ' ਨੂੰ ਇਕ ਔਰਤ ਦੇ ਦ੍ਰਿਸ਼ਟੀਕੋਣ ਤੋਂ ਲਿਖਿਆ ਗਿਆ ਹੈ। ਸਪਸ਼ਟ ਕਰੋ। 15

ਜਾਂ

'ਪਗਡੰਡੀਆਂ' ਵਿਚਲੀਆਂ ਪ੍ਰਮੁੱਖ ਘਟਨਾਵਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

7. ਸ੍ਵੈਜੀਵਨੀ ਦੇ ਸਿਧਾਂਤਕ ਪੱਖਾਂ ਨਾਲ ਜਾਣ ਪਛਾਣ ਕਰਾਓ। 10

ਜਾਂ

ਬਚਿੰਤ ਕੌਰ ਦੀ ਵਾਰਤਕ-ਸ਼ੈਲੀ ਨਾਲ ਜਾਣ ਪਛਾਣ ਕਰਾਓ।